بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.09.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬੀ ਹਜ਼ਰਤ ਅਬਾਦਹ ਬਿਨ ਸਾਮਤ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਸਤੰਬਰ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ (ਮੋਰਡਨ) ਬਰਤਾਨੀਆ ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਵਿੱਚ ਹਜ਼ਰਤ ਅਬਾਦਹ ਬਿਨ ਸਾਮਤ ਦਾ ਮੈਂ ਜ਼ਿਕਰ ਕਰ ਰਿਹਾ ਸੀ ਜੋ ਪੂਰਾ ਨਹੀਂ ਹੋਇਆ ਸੀ। ਇਹਨਾ ਬਾਰੇ ਹੋਰ ਵਧੇਰੀਆਂ ਗਲੱਾਂ ਤੇ ਰਿਵਾਇਤਾਂ ਵਰਨਣ ਕਰਦਾ ਹਾਂ । ਇਤਿਹਾਸ ਵਿੱਚ ਲਿੱਖਿਆ ਹੈ ਕਿ ਅਬਦੁਲੱਾਹ ਬਿਨ ਉਬੀ ਦੇ ਕਹਿਣ'ਤੇ ਉਸਦੇ ਸਹਿਯੋਗੀ ਯਹੂਦੀ ਕਬੀਲੇ ਬਨੂ ਕੈਨਕਾਅ ਨੇ ਮੁਸਲਮਾਨਾ ਨਾਲ ਜੰਗ ਕੀਤੀ । ਹਜ਼ਰਤ ਅਬਾਦਹ ਵੀ ਉਹਨਾ ਦੇ ਸਹਿਯੋਗੀ ਸਨ । ਪਰ ਜੰਗ ਦੀ ਅਵਸਥਾ ਕਰਕੇ ਆਪ ਰੱਬ ਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਖ਼ਾਤਰ ਇਸ ਕਬੀਲੇ ਤੋਂ ਅੱਡ ਹੋ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੱਦ ਬਦਰ ਦੀ ਜੰਗ ਹੋ ਚੁੱਕੀ ਅਤੇ ਰੱਬ ਨੇ ਆਪਣੀ ਮਿਹਰ ਨਾਲ ਮੁਸਲਮਾਨਾ ਨੂੰ ਸਾਧਨਾ ਦੀ ਘਾਟ ਤੇ ਬੇ ਸਰੋ ਸਾਮਾਨ ਹੁੰਦਿਆਂ ਹੋਇਆਂ ਵੀ ਕੁਰੈਸ਼ ਦੇ ਇਕ ਵੱਡੇ ਲੜਾਕੇ ਲਸ਼ਕਰ ਉਪੱਰ ਫ਼ਤਹ ਪ੍ਰਦਾਨ ਕੀਤੀ ਅਤੇ ਮੱਕੇ ਦੇ ਵੱਡੇ ਵੱਡੇ ਮਹਤੱਵ ਰਖੱਣ ਵਾਲੇ ਮਿੱਟੀ ਵਿੱਚ ਰੱਲ ਗਏ । ਇਸ'ਤੇ ਮਦੀਨੇ ਦੇ ਯਹੂਦੀਆਂ ਦੇ ਜੋ ਗੁਪਤ ਕੀਨੇ, ਸਾੜ੍ਹੇ ਤੇ ਈਰਖਾ ਸੀ ਉਹ ਭੜਕ ਉੱਠੀ । ਉਹਨਾ ਨੇ ਮੁਸਲਮਾਨਾ ਨਾਲ ਖੁਲੱਮ ਖੁਲੱਾ ਭੜਾਸ ਕਢੱਣੀ ਸ਼ੁਰੂ ਕਰ ਦਿੱਤੀ । ਸਭਾਵਾਂ ਵਿੱਚ ਖੁੱਲੇ ਰੂਪ ਵਿੱਚ ਆਖਣਾ ਸ਼ੁਰੂ ਕਰ ਦਿਤੱਾ ਕਿ ਕੁਰੈਸ਼ ਦੇ ਲਸ਼ਕਰ ਨੂੰ ਹਰਾਉਣਾ ਕਿਹੜੀ ਵੱਡੀ ਗੱਲ ਸੀ, ਸਾਡੇ ਨਾਲ ਮੁਕਾਬਲਾ ਹੋਵੇ ਤਾਂ ਅਸੀਂ ਦੱਸ ਦਿਆਂਗੇ ਕਿ ਕਿਵੇਂ ਲੜਿਆ ਕਰਦੇ ਹਨ । ਇੱਥੋਂ ਤੱਕ ਕਿ ਇਕ ਸਭਾ ਵਿੱਚ ਉਹਨਾ ਦੇ ਆਪ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸਾਹਮਣੇ ਇਸੇ ਪ੍ਰਕਾਰ ਦੇ ਸ਼ਬਦ ਕਹੇ ਅਤੇ ਯਹੂਦੀਆਂ ਨੇ ਕੇਵਲ ਸਾਧਾਰਣ ਧਮਕੀਆਂ'ਤੇ ਹੀ ਨਿਰਭਰ ਨਹੀਂ ਕੀਤਾ, ਸਗੋਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਕਤਲ ਦੇ ਮਨਸੂਬੇ ਬਨਾਉਣੇ ਅਰੰਭ ਕਰ ਦਿੱਤੇ ਸਨ । ਬਹਿਰਹਾਲ,

ਬਦਰ ਦੀ ਜੰਗ ਦੇ ਬਾਦ ਯਹੂਦੀਆਂ ਨੇ ਖੁਲੱਮ ਖੁੱਲੀ ਬਗ਼ਾਵਤ ਅਰੰਭ ਦਿੱਤੀ ਅਤੇ ਕਿਉਂਕਿ ਮਦੀਨੇ ਦੇ ਯਹੂਦੀਆਂ ਵਿੱਚੋਂ ਬਨੂ ਕੈਨਕਾਅ ਸਭ ਤੋਂ ਵੱਧ ਤਾਕਤਵਰ ਤੇ ਬਹਾਦਰ ਸਨ ਇਸ ਲਈ ਸਭ ਤੋਂ ਪਹਿਲਾਂ ਉਹਨਾ ਵੱਲੋਂ ਹੀ ਵਚਨ ਤੋੜੇ ਗਏ । ਸੋ, ਇਤਿਹਾਸਕਾਰ ਲਿਖੱਦੇ ਹਨ ਕਿ ਮਦੀਨੇ ਦੇ ਯਹੂਦੀਆਂ ਵਿੱਚੋਂ ਸਭ ਤੋਂ ਪਹਿਲਾਂ ਬਨੂ ਕੈਨਕਾਅ ਨੇ ਇਸ ਸੰਦੀ ਨੂੰ ਤੋੜਿਆ ਜੋ ਉਹਨਾ ਦੇ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਵਿੱਚਕਾਰ ਹੋਈ ਸੀ ਅਤੇ ਬਦਰ ਦੀ ਜੰਗ ਦੇ ਬਾਦ ਉਹਨਾ ਨੇ ਸਿਰ ਕਢੱਣੇ ਸ਼ੁਰੂ ਕਰ ਦਿੱਤੇ ਅਤੇ ਖੁੱਲੇ ਤੋਰ'ਤੇ ਕੀਨੇ, ਸਾੜੇ ਤੇ ਈਰਖਾ ਦਾ ਪ੍ਰਗਟਨ ਕੀਤਾ ਅਤੇ ਕੀਤੇ ਬਚਨਾ ਨੂੰ ਤੋੜਿਆ । ਪਰ ਇਸ ਪ੍ਰਕਾਰ ਦੀਆਂ ਗਲੱਾਂ ਹੁੰਦਿਆਂ ਹੋਇਆਂ ਵੀ ਮੁਸਲਮਾਨਾ ਨੇ ਆਪਣੇ ਆਕਾ ਦੇ ਨਿਰਦੇਸ਼ਾਂ ਅਨੁਸਾਰ ਹਰ ਪ੍ਰਕਾਰ ਦੇ ਸਬਰ ਤੇ ਸੰਤੋਖ ਨਾਲ ਕੰਮ ਲਿਆ ਅਤੇ ਆਪਣੀ ਵੱਲੋਂ ਕੋਈ ਵੀ ਪਹਿਲ ਨਹੀਂ ਹੋਣ ਦਿੱਤੀ, ਸਗੋਂ ਹਦੀਸ ਵਿੱਚ ਆਉਂਦਾ ਹੈ ਕਿ ਇਸ ਸੰਧੀ ਦੇ ਬਾਦ ਜੋ ਯਹੂਦੀਆਂ ਨਾਲ ਹੋਈ ਸੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਵਿਸ਼ੇਸ਼ ਰੂਪ ਵਿੱਚ ਯਹੂਦੀਆਂ ਦੀ ਦਿਲਦਾਰੀ ਦਾ ਖ਼ਿਆਲ ਰਖੱਦੇ ਸਨ । ਪਰ ਇਸ ਦਿਲਦਾਰੀ ਭਰਪੂਰ ਸੁਲੂਕ ਦੇ, ਨਰਮੀ ਦੇ ਸੁਲੂਕ ਦੇ ਅਤੇ ਮਿਹਰ ਭਰੇ ਸੁਲੂਕ ਦੇ ਹੁੰਦਿਆਂ ਹੋਇਆਂ ਵੀ, ਯਹੂਦੀ ਆਪਣੀਆਂ ਸ਼ਰਾਰਤਾਂ ਵਿੱਚ ਤਰੱਕੀ ਕਰਦੇ ਗਏ ਅਤੇ ਅਖ਼ੀਰ ਯਹੂਦੀਆਂ ਵੱਲੋਂ ਹੀ ਜੰਗ ਦਾ ਅਰੰਭ ਹੋਇਆ । ਇਹ ਇਸ ਪ੍ਰਕਾਰ ਕਿ ਇਕ ਮੁਸਲਮਾਨ ਇਸਤਰੀ ਬਜ਼ਾਰ ਵਿੱਚ ਇਕ ਯਹੂਦੀ ਦੀ ਦੁਕਾਨ'ਤੇ ਕੁਝ ਸੌਦਾ ਲੈਂਣ ਗਈ । ਕੁਝ ਸ਼ਰਾਰਤੀ ਯਹੂਦੀਆਂ ਨੇ ਜੋ ਉਸ ਸਮੇਂ ਦੁਕਾਨ'ਤੇ ਬੈਠੇ ਹੋਏ ਸਨ, ਉਸਨੂੰ ਲੋਫ਼ਰਾਂ ਵਾਂਗ ਛੇੜਿਆ ਅਤੇ ਆਪ ਦੁਕਾਨਦਾਰ ਨੇ ਇਹ ਸ਼ਰਾਰਤ ਕੀਤੀ ਕਿ ਇਸਤਰੀ ਦੇ ਤਹਿਬੰਦ ਦੇ ਹੇਠਲੇ ਹਿੱਸੇ ਨੂੰ ਉਸ ਦੀ ਬੇਖ਼ਬਰੀ ਵਿੱਚ ਕਿਸੇ ਚੀਜ਼ ਨਾਲ ਬਨ੍ਹ ਦਿਤੱਾ । ਜੱਦ ਉਹ ਇਸਤਰੀ ਉਹਨਾ ਦੇ ਲੋਫ਼ਰਪੁਣੇ ਨੂੰ ਦੇਖਕੇ ਉੱਥੋਂ ਉਠੱਕੇ ਚਲੱਣ ਲੱਗੀ ਤਾਂ ਕਪੜਾ ਲੱਥ ਗਿਆ । ਇਸ'ਤੇ ਉਸ ਯਹੂਦੀ ਦੁਕਾਨਦਾਰ ਤੇ ਉਸਦੇ ਸਾਥੀਆਂ ਨੇ ਜ਼ੋਰਦਾਰ ਕਹਿਕਾ ਲਾਇਆ ਤੇ ਹਸੱਣ ਲੱਗ ਪਏ । ਮੁਸਲਮਾਨ ਇਸਤਰੀ ਨੇ ਸ਼ਰਮ ਦੇ ਮਾਰੇ ਇਕ ਚੀਕ ਮਾਰੀ ਅਤੇ ਮਦਦ ਚਾਹੀ । ਸੁਭਾਗ ਵੱਸੋਂ ਇਕ ਮੁਸਲਮਾਨ ਉਸ ਸਮੇਂ ਨੇੜੇ ਮੌਜੂਦ ਸੀ । ਉਹ ਝੱਟ ਮੌਕੇ'ਤੇ ਪਹੁੰਚਿਆ ਅਤੇ ਫਿਰ ਉੱਥੇ ਆਪੋ ਵਿੱਚ ਲੜਾਈ ਸ਼ੁਰੂ ਹੋ ਗਈ। ਯਹੂਦੀ ਦੁਕਾਨਦਾਰ ਮਾਰਿਆ ਗਿਆ । ਜਿਸ'ਤੇ ਚਾਰੇ ਪਾਸਿਓਂ ਉਸ ਮੁਸਲਮਾਨ'ਤੇ ਤਲਵਾਰਾ ਵਰ੍ਹ ਪਈਆਂ । ਉਹ ਗ਼ੈਰਤਮੰਦ ਮੁਸਲਮਾਨ ਉੱਥੇ ਹੀ ਢੇਰ ਹੋ ਗਿਆ । ਮੁਸਲਮਾਨਾ ਨੂੰ ਇਸ ਗੱਲ ਦਾ ਪਤਾ ਲਗੱਾ ਤਾਂ ਫਿਰ ਉਹਨਾ ਦੀ ਵੀ ਗ਼ੈਰਤ ਕੌਮੀ ਗ਼ੈਰਤ ਭੜਕੀ ਅਤੇ ਦੂਜੇ ਪਾਸਿਓਂ ਯਹੂਦੀ ਜੋ ਇਸ ਘਟਨਾ ਨੂੰ ਲੜਾਈ ਦਾ ਬਹਾਨਾ ਬਨਾਉਂਣਾ ਚਾਹੁੰਦੇ ਸਨ ਹਜੂਮ ਕਰਕੇ ਇਕੱਠੇ ਹੋ ਗਏ ਅਤੇ ਇਕ ਦੰਗੇ ਦੀ ਅਵਸਥਾ ਬਣ ਗਈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਅੱਮ ਨੂੰ ਸੂਚਨਾ ਪ੍ਰਾਪਤ ਹੋਈ ਤਾਂ ਆਪਨੇ ਬਨੂ ਕੈਨਕਾਅ ਦੇ ਰਈਸਾਂ (ਸਰਦਾਰਾਂ) ਨੂੰ ਇਕਤੱਰ ਕਰਕੇ ਕਿਹਾ ਕਿ ਇਹ ਤਰੀਕਾ ਚੰਗਾ ਨਹੀਂ ਹੈ ਤੁਸੀਂ ਇਹਨਾ ਸ਼ਰਾਰਤਾਂ ਤੋਂ ਬਾਜ਼ ਆ ਜਾਓ ਅਤੇ ਰੱਬ ਤੋਂ ਡਰੋ । ਉਹਨਾ ਨੇ ਦੁੱਖ ਪ੍ਰਕਟ ਕਰਨ ਦੀ ਥਾਂ ਅਤਿਅੰਤ ਹੰਕਾਰ ਤੇ ਘਮੰਡ ਨਾਲ ਉਤੱਰ ਦਿੱਤੇ ਅਤੇ ਫਿਰ ਉਹੋ ਧਮਕੀਆਂ ਦਹੁਰਾਈਆਂ ਕਿ ਬਦਰ ਦੀ ਜਿੱਤ ਉਪੱਰ ਘਮੰਡ ਨ ਕਰੋ ਜੱਦ ਸਾਡੇ ਨਾਲ ਮੁਕਾਬਲਾ ਹੋਵੇਗਾ ਤਾਂ ਪਤਾ ਲੱਗ ਜਾਏਗਾ ਕਿ ਲੜਨ ਵਾਲੇ ਅਜਿਹੇ ਹੁੰਦੇ ਹਨ । ਬਹਿਰਹਾਲ ਨ ਚਾਹੁੰਦਿਆਂ ਹੋਇਆਂ ਆਪ ਸਹਾਬਾ ਦੀ ਇਕ ਟੋਲੀ ਨੂੰ ਨਾਲ ਲੈਕੇ ਬਨੂ ਕੈਨਕਾਅ ਦੇ ਕਿਲਿਆਂ ਵੱਲ ਰਵਾਨਾ ਹੋ ਗਏ । ਬਨੂ ਕੈਨਕਾਅ ਆਪਣੇ ਕਿਲਿਆਂ ਵਿੱਚ ਬੰਦ ਹੋਕੇ ਬਹਿ ਗਏ । ਆਂਹਜ਼ਰਤ ਸਲਲੱਾਹੁ ਅਲੈਹਿ ਨੇ ਉਹਨਾ ਦਾ ਘੇਰਾਓ ਕੀਤਾ । ਪੰਦਰਾਂ ਦਿਨਾਂ ਤੱਕ ਲਗਾਤਾਰ ਘੇਰਾਉ ਰਿਹਾ । ਅਖ਼ੀਰ ਜੱਦ ਬਨੂ ਕੈਨਕਾਅ ਦਾ ਸਾਰਾ ਹੰਕਾਰ ਤੇ ਘਮੰਡ ਟੁੱਟ ਗਿਆ ਤਾਂ ਉਹਨਾ ਨੇ ਇਸ ਸ਼ਰਤ'ਤੇ ਆਪਣੇ ਕਿਲਿਆਂ ਦੇ ਬੂਹੇ ਖੋਲ

ਦਿੱਤੇ ਕਿ ਉਹਨਾ ਦਾ ਮਾਲ ਮੁਸਲਮਾਨਾ ਦਾ ਹੋ ਜਾਏਗਾ, ਪਰ ਉਹਨਾ ਦੀਆਂ ਜਾਨਾ ਤੇ ਪਰਿਵਾਰ ਉਪੱਰ ਮੁਸਲਮਾਨਾ ਦਾ ਕੋਈ ਹੱਕ ਨਹੀਂ ਹੋਵੇਗਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਸ਼ਰਤ ਨੂੰ ਮੰਨ ਲਿਆ । ਬੇਸ਼ਕ ਮੂਸਵੀ ਸ਼ਰੀਅਤ ਅਨੁਸਾਰ ਇਹ ਸਾਰੇ ਲੋਕ ਕਤਲ ਯੋਗ ਸਨ, ਪਰ ਪਰ ਅਜਿਹੇ ਪ੍ਰਣ (ਸੰਧੀ) ਤੋੜਨ ਵਾਲੇ ਤੇ ਵੈਰੀ ਕਬੀਲੇ ਦਾ ਮਦੀਨਿ ਵਿੱਚ ਰਹਿਣਾ ਵੀ ਇਕ ਆਸਤੀਨ ਦਾ ਸੱਪ ਪਾਲਣ ਤੋਂ ਘੱਟ ਨਹੀਂ ਸੀ । ਵਿਸ਼ੇਸ਼ ਕਰਕੇ ਜੱਦ ਓਸ ਤੇ ਖ਼ਜ਼ਰਜ ਦਾ ਇਕ ਮੁਨਾਫ਼ਕ ਦਲ ਪਹਿਲਾਂ ਤੋਂ ਹੀ ਮਦੀਨਿ ਵਿੱਚ ਮੌਜੂਦ ਸੀ । ਅਜਿਹੇ ਹਾਲਾਤਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਇਹੋ ਫ਼ੈਸਲਾ ਹੋ ਸਕਦਾ ਸੀ ਕਿ ਬਨੂ ਕੈਨਕਾਅ ਮਦੀਨਿ ਤੋਂ ਚਲੇ ਜਾਣ । ਇਹ ਦੰਡ ਉਹਨਾ ਦੇ ਜੁਰਮ ਦੇ ਮੁਕਾਬਲੇ'ਚ ਅਤੇ ਉਸ ਸਮੇਂ ਹਾਲਾਤਾਂ ਨੂੰ ਸੰਮੁੱਖ ਰਖੱਦਿਆਂ ਹੋਇਆਂ ਬਹੁਤ ਨਰਮ ਸੀ । ਵਿਸ਼ੇਸ਼ ਕਰਕੇ ਜੱਦ ਕਿਸੇ ਕਬੀਲੇ ਦੀਆਂ ਜਾਇਦਾਦਾਂ, ਜ਼ਮੀਨਾ ਅਤੇ ਬਾਗਾਂ ਦੀ ਅਵਸਥਾ ਵਿੱਚ ਨ ਹੋਣ । ਜਿਵੇਂ ਕਿ ਬਨੂ ਕੈਨਕਾਅ ਦੀਆਂ ਨਹੀਂ ਸਨ । ਇਸ ਕਰਕੇ ਬਹੁਤ ਸ਼ਾਂਤੀ ਨਾਲ ਬਨੂ ਕੈਨਕਾਅ ਮਦੀਨਿ ਨੂੰ ਛਡੱਕੇ ਸ਼ਾਮ ਵੱਲ ਚਲੇ ਗਏ। ਇਹਨਾ ਦੀ ਰਵਾਂਨਗੀ ਬਾਰੇ ਜ਼ਰੂਰੀ ਵਿਵਸਥਾ ਤੇ ਨਿਗਰਾਨੀ ਆਦਿ ਦਾ ਪ੍ਰਬੰਧ ਦਾ ਕੰਮ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਸਹਾਬੀ ਅਬਾਦਹ ਬਿਨ ਸਾਮਤ ਦੇ ਸੁਪੁਰਦ ਕੀਤਾ ਜਿੰਨ੍ਹਾ ਦਾ ਹੁਣ ਜ਼ਿਕਰ ਹੋ ਰਿਹਾ ਹੈ। ਸੋ, ਅਬਾਦਹ ਬਿਨ ਸਾਮਤ ਕੁਝ ਦੂਰੀ ਤੱਕ ਉਹਨਾ ਨੂੰ ਛਡੱਣ ਲਈ ਉਹਨਾ ਨਾਲ ਗਏ ਅਤੇ ਫਿਰ ਉਹਨਾ ਨੂੰ ਸੁਰੱਖਿਆ ਪੂਰਨ ਢੰਗ ਨਾਲ ਅੱਗੇ ਘਲੱੁਕੇ ਵਾਪਸ ਪਰਤ ਆਏ । ਯਹੂਦੀਆਂ ਨੇ ਹਜ਼ਰਤ ਅਬਾਦਹ ਬਿਨ ਸਾਮਤ ਨੂੰ ਬਿਨਤੀ ਕੀਤੀ ਸੀ ਕਿ ਉਹਨਾ ਨੂੰ ਤਿੰਨ ਦਿਨ ਦੀ ਜੋ ਢਿੱਲ ਦਿੱਤੀ ਗਈ ਹੈ ਉਸ ਵਿੱਚ ਕੁਝ ਵਾਧਾ ਕਰ ਦਿਤੱਾ ਜਾਏ ਪਰ ਹਜ਼ਰਤ ਅਬਾਦਹ ਨੇ ਕਿਹਾ ਕਿ ਨਹੀਂ ! ਇਕ ਮਿੰਟ ਵੀ ਤੁਹਾਡੀ ਢਿੱਲ੍ਹ ਵਿੱਚ ਵਾਧਾ ਨਹੀਂ ਕੀਤਾ ਜਾ ਸਕਦਾ ।

ਹਜ਼ਰਤ ਅਬਾਦਹ ਬਿਨ ਸਾਮਤ ਤੋਂ ਰਿਵਾਇਤ ਹੈ ਕਿ ਮੁਹਾਜਰਾਂ ਵਿੱਚੋਂ ਕੋਈ ਵਿਅਕਤੀ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੁੰਦਾ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਉਸ ਨੂੰ ਕੁਰਆਨ ਸਿਖਾਉਣ ਲਈ ਸਾਡੇ ਵਿੱਚੋਂ ਕਿਸੇ ਦੇ ਹਵਾਲੇ ਕਰ ਦਿੰਦੇ ਸਨ ਕਿ ਇਹਨਾਂ ਨੂੰ ਨਾਲ ਲੈ ਜਾਓ ਅਤੇ ਕੁਰਆਨ ਸਿਖਾਓ, ਦੀਨੀ ਸੀਖ ਸਿੱਖਿਆ ਵੀ ਸਿਖਾਓ । ਕਹਿੰਦੇ ਹਨ ਕਿ ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਕ ਵਿਅਕਤੀ ਨੂੰ ਮੇਰੇ ਸੁਪੁਰਦ ਕੀਤਾ । ਜੱਦ ਉਹ ਆਪਣੇ ਘਰ ਵਾਲਿਆਂ ਕੋਲ ਵਾਪਸ ਜਾਣ ਲਗੱਾ ਤਾਂ ਉਸਨੇ ਇਕ ਕਮਾਨ ਤੋਹਫ਼ੇ ਵੱਜੋਂ ਮੈਂਨੂੰ ਪੇਸ਼ ਕੀਤਾ, ਬਹਿਰਹਾਲ ਕਹਿੰਦੇ ਹਨ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਇਸ ਬਾਰੇ ਪੁੱਛਿਆ ਤਾਂ ਆਪਨੇ ਫ਼ਰਮਾਇਆ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਅੱਗ ਦਾ ਤੌਕ (ਪਟਾ) ਤੁਹਾਡੇ ਗੱਲ ਵਿੱਚ ਪਾਇਆ ਜਾਵੇ ਤਾਂ ਠੀਕ ਹੈ, ਲੈ ਲਓ । ਸੋ, ਉਹ ਲੋਕ ਜੋ ਵਿਅਕਤੀਗੱਤ ਰੂਪ ਵਿੱਚ ਕੁਰਆਨ ਕਰੀਮ ਪੜ੍ਹਾਉਣ ਨੂੰ ਆਰਥਕ ਆਮਦਨੀ ਦਾ ਸਾਧਨ ਬਣਾ ਲੈਂਦੇ ਹਨ ਉਹਨਾ ਲਈ ਵੀ ਇਸ ਵਿੱਚ ਮਾਰਗ ਦਰਸ਼ਨ ਹੈ ।

ਹਜ਼ਰਤ ਰਾਸ਼ਦ ਬਿਨ ਹਵੀਸ਼ ਤੋਂ ਰਿਵਾਇਤ ਹੈ ਕਿ ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਅਬਾਦਹ ਬਿਨ ਸਾਮਤ ਦਾ ਹਾਲਚਾਲ ਪੁਛੱਣ ਲਈ ਉਹਨਾ ਦੇ ਘਰ ਗਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕੀ ਤੁਸੀਂ ਜਾਣਦੇ ਹੋ ਕਿ ਮੇਰੀ ਉਮੱਤ ਦੇ ਸ਼ਹੀਦ ਕੌਣ ਲੋਕ ਹਨ ? ਤਾਂ ਲੋਕ ਇਕ ਦੂਜੇ ਵੱਲ ਦੇਖਣ ਲੱਗੇ । ਹਜ਼ਰਤ ਅਬਾਦਹ ਨੇ ਉਹਨਾ ਨੂੰ ਕਿਹਾ ਕਿ ਮੈਂਨੂੰ ਸਹਾਰਾ ਦੇਕੇ ਬਿਠਾ ਦਿਓ, ਸੋ, ਲੋਕਾਂ ਨੇ ਆਪਨੂੰ ਬਿਠਾ ਦਿਤੱਾ ਤਾਂ ਹਜ਼ਰਤ ਅਬਾਦਹ ਨੇ ਅਰਜ਼ ਕੀਤੀ ਕਿ ਹੇ, ਰਸੂਲੁਲੱਲਾਹ ਸਲਲੱਾਹੁ ਅਲੈਹਿ ਵਸਲਮ ! ਆਪਨੇ ਪ੍ਰਸ਼ਨ ਕੀਤਾ ਹੈ ਕਿ ਸ਼ਹੀਦ ਕੌਣ ਲੋਕ ਹਨ । ਜੋ ਬਹਾਦੁਰੀ ਤੇ ਦ੍ਰਿੜ੍ਹ ਸੰਕਲਪ ਨਾਲ ਮੁਕਾਬਲਾ ਕਰਨ ਵਾਲਾ

ਅਤੇ ਪੁੰਨ੍ਹ ਦੀ ਨੀਅਤ ਰਖੱਣ ਵਾਲਾ ਹੋਵੇ ਉਹ ਸ਼ਹੀਦ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਕੇਵਲ ਐਨ੍ਹਾ ਹੀ ਹੈ ਤਾਂ ਇਸ ਪ੍ਰਕਾਰ ਤਾਂ ਮੇਰੀ ਉਮੱਤ ਦੇ ਸ਼ਹੀਦ ਬਹੁਤ ਥੋੜੇ ਰਹਿ ਜਾਣਗੇ । ਫਿਰ ਆਪ ਨੇ ਫ਼ਰਮਾਇਆ ਕਿ ਰੱਬ ਦੇ ਮਾਰਗ ਵਿੱਚ ਮਾਰਿਆ ਜਾਣਾ ਸ਼ਹੀਦੀ ਹੈ , ਤਾਊਨ (ਪਲੇਗ) ਦੇ ਸਬਬ ਮਾਰਿਆ ਜਾਣਾ ਵੀ ਸ਼ਹੀਦੀ ਹੈ, ਪਾਣੀ ਵਿੱਚ ਡੁੱਬ ਜਾਣਾ ਵੀ ਸ਼ਹੀਦੀ ਹੈ ਅਤੇ ਪੇਟ ਦੀ ਬਿਮਾਰੀ ਕਰਕੇ ਮਰਨਾ ਮਰਨਾ ਵੀ ਸ਼ਹੀਦੀ ਹੈ ਅਤੇ ਜਣੇਪੇ ਦੀ ਅਵਸਥਾ ਵਿੱਚ ਮਰਨ ਵਾਲੀ ਇਸਤਰੀ ਨੂੰ ਉਸ ਦਾ ਬਚੱਾ ਆਪਣੇ ਹੱਥ ਰਾਹੀਂ ਖਿਚੱਕੇ ਸਵਰਗ ਵਿੱਚ ਲੈ ਜਾਏਗਾ । ਇਸੇ ਪ੍ਰਕਾਰ ਹਜ਼ਰਤ ਅਬੂ ਹੁਰੈਰਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸ਼ਹੀਦ ਪੰਜ ਪ੍ਰਕਾਰ ਦੇ ਹਨ । ਤਾਊਨ ਨਾਲ ਮਰਨ ਵਾਲਾ, ਪੇਟ ਦੀ ਬਿਮਾਰੀ ਕਰਕੇ ਮਰਨ ਵਾਲਾ, ਡੁਬੱਕੇ ਕਰਨ ਵਾਲਾ, ਦਬੱਕੇ ਕਰਨ ਵਾਲਾ ਅਤੇ ਰੱਬ ਦੇ ਮਾਰਗ ਵਿੱਚ ਸ਼ਹੀਦ ਹੋਣ ਵਾਲਾ ।

ਇਕ ਵਾਰ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਮੁਆਵੀਆਹ ਦੀ ਸ਼ਿਕਾਇਤ'ਤੇ ਹਜ਼ਰਤ ਅਬਾਦਹ ਬਿਨ ਸਾਮਤ ਨੂੰ ਸ਼ਾਮ ਤੋਂ ਮਦੀਨੇ ਬੁਲਾ ਲਿਆ । ਹਜ਼ਰਤ ਅਬਾਦਹ ਹਜ਼ਰਤ ਉਸਮਾਨ ਕੋਲ ਪਹੁੰਚੇ ਅਤੇ ਲੋਕਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦੇ ਹੋਏ ਸੁਣਿਆ ਹੈ ਕਿ ਮੇਰੇ ਬਾਦ ਅਜਿਹੇ ਲੋਕ ਤੁਹਾਡੇ ਹੁਕਮਰਾਨ ਹੋਣਗੇ ਜੋ ਤੁਹਾਨੂੰ ਅਜਿਹੇ ਕੰਮਾ ਦੀ ਪਛਾਣ ਕਰਾਉਣਗੇ ਜਿੰਨ੍ਹਾ ਨੂੰ ਤੁਸੀਂ ਪਸੰਦ ਨਹੀਂ ਕਰਦੇ ਹੋਵੋਗੇ ਅਤੇ ਅਜਿਹੇ ਕੰਮਾ ਨੂੰ ਨਾਪਸੰਦ ਕਰਾਉਣਗੇ ਜਿੰਨ੍ਹਾ ਨੂੰ ਤੁਸੀਂ ਚੰਗਾ ਸਮਝਦੇ ਹੋਵੋਗੇ । ਸੋ, ਜੋ ਵਿਅਕਤੀ ਰੱਬ ਦੀ ਨਾਫ਼ਰਮਾਨੀ ਕਰੇ ਉਸਦੀ ਆਗਿਆਕਾਰੀ ਨਹੀਂ ਕਰਨੀ । ਸੋ, ਤੁਸੀਂ ਰੱਬ ਦੀਆਂ ਹਦੱਾਂ ਪਾਰ ਨਹੀਂ ਕਰਨੀਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ ਬੀਤੇ ਜੁਮਏ ਵਿੱਚ ਵੀ ਇਹ ਜ਼ਿਕਰ ਹੋਇਆ ਸੀ ਕਿ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਵੀ ਇਕ ਵਾਰ ਹਜ਼ਰਤ ਅਬਾਦਹ ਬਿਨ ਸਾਮਤ ਦਾ ਅਮੀਰ ਮੁਆਵੀਆਹ ਨਾਲ ਮਤਿਭੇਦ ਹੋ ਗਿਆ ਤਾਂ ਹਜ਼ਰਤ ਉਮਰ ਨੇ ਅਮੀਰ ਮੁਆਵੀਆਹ ਨੂੰ ਕਹਿ ਦਿਤੱਾ ਕਿ ਉਹਨਾ ਤੋਂ ਤੁਸੀਂ ਕੋਈ ਪੁੱਛਗਿੱਛ ਨਹੀਂ ਕਰਨੀ ਜੋ ਮਸਲੇ ਇਹ ਬਿਆਨ ਕਰਦੇ ਹਨ ਇਹਨਾ ਨੂੰ ਕਰਨ ਦਿਆ ਕਰੋ, ਪਰ ਹਜ਼ਰਤ ਉਸਮਾਨ ਦੇ ਜ਼ਮਾਨੇ ਵਿੱਚ ਮੁੜ੍ਹ ਇਹ ਗੱਲ ਹੋਈ ਤਾਂ ਹਜ਼ਰਤ ਉਸਮਾਨ ਨੇ ਇਹਨਾ ਨੂੰ ਵਾਪਸ ਬੁਲਾ ਲਿਆ । ਬਹਿਰਹਾਲ, ਹਜ਼ਰਤ ਅਬਾਦਹ ਦਾ ਇਕ ਮੁਕਾਮ ਸੀ ਉਹ ਕਈ ਗਲੱਾਂ ਦੀ ਵਿਆਖਿਆ ਕਰ ਸਕਦੇ ਸਨ । ਉਹਨਾ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਤੋਂ ਸਿੱਧੇ ਰੂਪ ਵਿੱਚ ਗਲੱਾਂ ਸੁਣੀਆਂ ਸਨ ਅਤੇ ਇਸੇ ਕਾਰਣ ਉਹ ਮਤਿਭੇਦ ਕਰਦੇ ਸਨ, ਪਰ ਹਰ ਇਕ ਦਾ ਇਹ ਕੰਮ ਨਹੀਂ ਹੈ ਕਿ ਇਸ ਪ੍ਰਕਾਰ ਮਤਿਭੇਦ ਕਰਦਾ ਫਿਰੇ, ਜੱਦ ਤੱਕ ਪ੍ਰਤਖ ਰੂਪ ਵਿੱਚ ਕੁਰਆਨ ਕਰੀਮ ਤੇ ਹਦੀਸਾਂ ਮੌਜੂਦ ਨ ਹੋਣ ਅਤੇ ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਬਿਆਨ ਕੀਤਾ ਹੈ । ਉਸ ਵਿੱਚ ਮੁਢੱਲੀ ਗੱਲ ਜੋ ਜ਼ਰੂਰੀ ਤੇ ਚੇਤੇ ਰਖੱਣ ਵਾਲੀ ਹੈ ਉਹ ਇਹ ਹੈ ਕਿ ਰੱਬ ਦੀਆਂ ਹਦੱਾਂ ਨਹੀਂ ਟਪੱਣੀਆਂ, ਉਹਨਾਂ ਵਿੱਚ ਹੀ ਰਹਿਣਾ ਹੈ । ਸੋ, ਇਹੋ ਹੀ ਹਰ ਅਹਮਦੀ ਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਫਿਰ ਆਗਿਅਕਾਰੀ ਦੇ ਦਾਇਰੇ ਵਿੱਚ ਰਹਿਣਾ ਚਾਹੀਦਾ ਹੈ ।

ਅਤਾ ਬਿਆਨ ਕਰਦੇ ਹਨ ਕਿ ਮੈਂ ਵਲੀਦ ਨੂੰ ਮਿਲਿਆ ਜੋ ਹਜ਼ਰਤ ਅਬਾਦਹ ਬਿਨ ਸਾਮਤ ਸਹਾਬੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪੁਤੱਰ ਸਨ । ਮੈਂ ਉਹਨਾਂ ਨੂੰ ਪੁੱਛਿਆ ਕਿ ਆਪਦੇ ਪਿਤਾ ਦੀ ਮੌਤ ਸਮੇਂ ਕੀ ਵਸੀਯੱਤ ਸੀ ਤਾਂ ਉਹਨਾ ਨੇ ਬਿਆਨ ਕੀਤਾ ਕਿ ਉਹਨਾ ਨੇ ਮੈਨੂੰ ਬੁਲਾਇਆ ਅਤੇ ਕਿਹਾ ਕਿ ਹੇ, ਮੇਰੇ ਪੁਤੱਰ ! ਰੱਬ ਤੋਂ ਡਰ ਅਤੇ ਜਾਣ ਲੈ ਕੇ ਤੂੰ ਉਕੱਾ ਹੀ ਰੱਬ ਦਾ ਤਕਵਾ (ਸੰਜਮਤਾ) ਧਾਰਣ ਨਹੀਂ ਕਰ ਸਕਦਾ ਜੱਦ ਤੱਕ ਤੂੰ ਰੱਬ

ਉਪੱਰ ਇਮਾਨ ਨਾ ਲਿਆਏਂ ਅਤੇ ਹਰ ਪ੍ਰਕਾਰ ਚੰਗੀ ਮਾੜੀ ਤਕਦੀਰ ਉਪੱਰ ਵੀ ਇਮਾਨ ਨ ਲਿਆਏਂ । ਸੋ, ਜੇਕਰ ਤੂੰ ਇਸ ਤੋਂ ਬਿਨਾ ਕਿਸੇ ਹੋਰ ਉਪੱਰ ਆਸਥਾ ਕੀਤੇ ਮਰ ਗਿਆ ਤਾਂ ਅੱਗ (ਨਰਕ) ਵਿੱਚ ਦਾਖ਼ਲ ਹੋਵੇਂਗਾ ।

ਹਜ਼ਰਤ ਅਨਸ ਬਿਨ ਮਾਲਕ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਉਮੇ ਹਰਾਮ ਬਿੰਤ ਮਲਹਾਨ ਦੇ ਘਰ ਆਇਆ ਕਰਦੇ ਸਨ ਜੋ ਹਜ਼ਰਤ ਅਬਾਦਹ ਬਿਨ ਸਾਮਤ ਦੀ ਪਤਨੀ ਸਨ । ਹਜ਼ਰਤ ਉਮੇ ਹਰਾਮ ਦੁੱਧ ਦੇ ਰਿਸ਼ਤੇ ਜਾਂ ਕਿਸੇ ਨੇੜਤਾ ਸੰਬੰਧੀ ਆਪਦੀ ਮਾਸੀ ਸਨ । ਉਹ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਖਾਣਾ ਖੁਆਉਂਦੀ । ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਉਮੇ ਹਰਾਮ ਦੇ ਘਰ ਗਏ ਤਾਂ ਉਹਨਾ ਨੇ ਆਪ ਨੂੰ ਖਾਣਾ ਖੁਆਇਆ ਅਤੇ ਆਪ ਦਾ ਸਿਰ ਦੇਖਣ ਲੱਗੀਂ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਸੌਂ ਗਏ । ਕੁਝ ਦੇਰ ਬਾਦ ਆਪ ਮੁਸਕਰਾਉਂਦੇ ਹੋਏ ਜਾਗੇ । ਹਜ਼ਰਤ ਉਮੇ ਹਰਾਮ ਕਹਿੰਦੀ ਹਨ ਕਿ ਮੈਂ ਪੁੱਛਿਆ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪ ਕਿਹੜੀ ਗੱਲ'ਤੇ ਮੁਸਕਰਾ ਰਹੇ ਹਨ ਤਾਂ ਆਪ ਨੇ ਫ਼ਰਮਾਇਆ ਕਿ ਮੇਰੀ ਉਮੱਤ ਵਿੱਚੋਂ ਕੁਝ ਲੋਕ ਮੇਰੇ ਸਾਹਮਣੇ ਪੇਸ਼ ਕੀਤੇ ਗਏ ਜੋ ਰੱਬ ਦੇ ਮਾਰਗ ਵਿੱਚ ਜੰਗ ਕਰਨ ਲਈ ਨਿਕਲੇ ਹੋਏ ਹਨ, ਉਹ ਇਸ ਸਾਗਰ ਵਿੱਚ ਸਵਾਰ ਹਨ ਸੰਭਤਾਂ ਤਖ਼ਤਾਂ ਉਪੱਰ ਬੈਠੇ ਹੋਏ ਬਾਦਸ਼ਾਹ ਹਨ । ਹਜ਼ਰਤ ਉਮੇ ਹਰਾਮ ਕਹਿੰਦੀ ਹਨ ਕਿ ਮੈਂ ਕਿਹਾ, ਹੇ ਰਸੂਲੁਲੱਾਹ ਆਪ ਅਲੱਾਹ ਤੋਂ ਦੁਆ ਕਰਨ ਕਿ ਉਹ ਮੈਂਨੂੰ ਵੀ ਉਹਨਾ ਵਿੱਚੋਂ ਕਰੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮੇ ਹਰਾਮ ਲਈ ਦੁਆ ਕੀਤੀ । ਫਿਰ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਸਿਰ ਰੱਖਿਆ ਤੇ ਸੌਂ ਗਏ । ਫਿਰ ਇਸਦੇ ਬਾਦ ਆਪ ਮੁਸਕਰਾਉਂਦੇ ਹੋਏ ਜਾਗੇ, ਕਹਿੰਦੀ ਹਨ ਕਿ ਮੈਂ ਬਿਨਤੀ ਕੀਤੀ ਕਿ ਹੇ ਰਸੂਲੁਲੱਾਹ ਆਪ ਕਿਹੜੀ ਗੱਲ'ਤੇ ਮੁਸਕਰਾ ਰਹੇ ਹਨ । ਆਪ ਨੇ ਫ਼ਰਮਾਇਆ ਮੇਰੀ ਉਮੱਤ ਵਿੱਚੋਂ ਕੁਝ ਲੋਕ ਮੇਰੇ ਸਾਹਮਣੇ ਪੇਸ਼ ਕੀਤੇ ਗਏ ਜੋ ਰੱਬ ਦੇ ਮਾਰਗ ਵਿੱਚ ਜੰਗ ਕਰਨ ਲਈ ਨਿਕਲੇ ਹੋਏ ਸਨ । ਹਜ਼ਰਤ ਉਮੇ ਹਰਾਮ ਨੇ ਕਿਹਾ ਹੇ ਰਸੂਲੁਲੱਾਹ ! ਆਪ ਰੱਬ ਤੋਂ ਦੁਆ ਕਰਨ ਕਿ ਮੈਂਨੂੰ ਵੀ ਇਹਨਾ ਵਿੱਚੋਂ ਕਰ ਦੇ । ਆਪਨੇ ਫ਼ਰਮਾਇਆ ਕਿ ਤੂੰ ਤਾਂ ਪਹਿਲਾਂ ਹੀ ਇਹਨਾ ਲੋਕਾਂ ਵਿੱਚ ਸ਼ਾਮਲ ਹੋ ਚੁਕੀ ਹੈਂ । ਸੋ, ਹਜ਼ਰਤ ਉਮੇ ਹਰਾਮ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਸਮੁੰਦਰੀ ਸਫ਼ਰ ਵਿੱਚ ਸ਼ਾਮਲ ਹੋਈ ਅਤੇ ਜੱਦ ਸਾਗਰ ਪਾਰ ਕਰਕੇ ਬਾਹਰ ਆਈਂ ਤਾਂ ਆਪਣੀ ਸਵਾਰੀ ਤੋਂ ਡਿਗੱਕੇ ਫ਼ੌਤ ਹੋ ਗਈਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਨਾਦਹ ਬਿਨ ਅਬੂ ਉਮਯੱਾ ਤੋਂ ਰਿਵਾਇਤ ਹੈ ਕਿ ਇਕ ਵਾਰ ਅਸੀਂ ਹਜ਼ਰਤ ਅਬਾਦਹ ਕੋਲ ਗਏ, ਉਹ ਬਿਮਾਰ ਸਨ ਅਸੀਂ ਲੋਕਾਂ ਨੇ ਕਿਹਾ ਕਿ ਅਲੱਾਹ ਅਪਨੂੰ ਸਿਹਤ ਪ੍ਰਦਾਨ ਕਰੇ, ਆਪ ਕੋਈ ਹਦੀਸ ਬਿਆਨ ਕਰਨ । ਆਪ ਨੇ ਕਿਹਾ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਸਾਨੂੰ ਬੁਲਾਇਆ ਅਤੇ ਅਸੀਂ ਆਪ ਦੀ ਬੈਅਤ ਕੀਤੀ । ਆਪ ਨੇ ਜਿੰਨ੍ਹਾ ਗਲੱਾਂ ਦੀ ਬੈਅਤ ਲਈ ਉਹ ਗਲੱਾਂ ਇਹ ਸਨ ਕਿ ਅਸੀਂ ਬੈਅਤ ਕਰਦੇ ਹਾਂ ਇਸ ਗੱਲ ਦੀ ਕਿ ਅਸੀਂ ਆਪਣੀ ਖ਼ੁਸ਼ੀ ਅਤੇ ਆਪਣੇ ਦੁੱਖ, ਆਪਣੀ ਤੰਗੀ ਤੇ ਖ਼ੁਸ਼ਹਾਲੀ, ਅਤੇ ਆਪਣੇ ਉਪੱਰ ਪਹਿਲ ਦਿੱਤੇ ਜਾਣ ਦੀ ਅਵਸਥਾ ਵਿੱਚ ਸੁਣਾਗੇ ਅਤੇ ਅਗਿਆਕਾਰੀ ਕਰਾਂਗੇ ਅਤੇ ਹੁਕੂਮਤ ਲਈ ਹਾਕਮਾਂ ਤੋਂ ਝਗੜਾ ਨਹੀਂ ਕਰਾਂਗੇ, ਪਰ ਖੁੱਲੇ ਕੁਫ਼ਰ'ਤੇ ਜਿਸ'ਤੇ ਰੱਬ ਵੱਲੋਂ ਦਲੀਲ ਹੋਵੇ । ਸਨਾਬੀ ਰਿਵਾਇਤ ਕਰਦੇ ਹਨ ਕਿ ਮੈਂ ਹਜ਼ਰਤ ਅਬਾਦਹ ਬਿਨ ਸਾਮਤ ਕੋਲ ਗਿਆ ਜੱਦ ਕਿ ਉਹ ਮੌਤ ਨੇੜੇ ਸਨ, ਮੈਂ ਰੋ ਪਿਆ ਤਾਂ ਉਹਨਾ ਨੇ ਕਿਹਾ ਠਹਿਰੋ ਕਿਉਂ ਰੋਂਦੇ ਹੋ, ਰੱਬ ਦੀ ਸਹੁੰ ਜੇਕਰ ਮੈਥੋਂ ਗਵਾਹੀ ਮੰਗੀ ਜਾਵੇ ਤਾਂ ਮੈਂ ਤੁਹਾਡੇ ਹੱਕ ਵਿੱਚ ਗਵਾਹੀ ਦਿਆਂਗਾ ਅਤੇ ਜੇਕਰ ਮੈਂਨੂੰ ਸਫ਼ਾਰਸ਼ ਦਾ ਹੱਕ ਦਿਤੱਾ ਗਿਆ ਤਾਂ ਮੈਂ ਤੁਹਾਡੀ ਸਫ਼ਾਰਸ਼ ਕਰਾਂਗਾ ਅਤੇ ਜੇਕਰ ਮੈਂਨੂੰ ਤਾਕਤ ਹੋਈ ਤਾਂ ਮੈਂ ਤੁਹਾਨੂੰ ਲਾਭ ਪਹੁੰਚਾਵਾਂਗਾ ਫਿਰ ਉਹਨਾ ਨੇ ਕਿਹਾ ਕਿ ਰੱਬ ਦੀ ਸਹੁੰ ਹਰ ਹਦੀਸ ਜੋ ਮੈਂ

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਸੁਣੀ ਸੀ ਜਿਸ ਵਿੱਚ ਤੁਹਾਡੇ ਲਈ ਭਲਾਈ ਸੀ ਉਹ ਮੈਂ ਤੁਹਾਡੇ ਸਾਹਮਣੇ ਬਿਆਨ ਕਰ ਦਿੱਤੀਆਂ ਹਨ ਸਿਵਾਏ ਇਕ ਹਦੀਸ ਦੇ ਜੋ ਅੱਜ ਮੈਂ ਤੁਹਾਨੂੰ ਦਸੱਾਂਗਾ ਜੱਦ ਕਿ ਮੈਂ ਮੌਤ ਦੀ ਪਕੜ ਵਿੱਚ ਹਾਂ, ਕਹਿੰਦੇ ਹਨ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਸੁਣਿਆ, ਆਪ ਫ਼ਰਮਾਉਂਦੇ ਸਨ ਕਿ ਜਿਸ ਨੇ ਗਵਾਹੀ ਦਿੱਤੀ ਕਿ ਰੱਬ ਤੋਂ ਬਿਨਾ ਕੋਈ ਇਬਾਦਤ ਦੇ ਯੋਗ ਨਹੀਂ ਅਤੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਲੱਾਹ ਦੇ ਰਸੂਲ ਹਨ । ਅਲੱਾਹ ਤਆਲਾ ਨੇ ਉਸ'ਤੇ ਅੱਗ ਹਰਾਮ ਕਰ ਦਿੱਤੀ ਅਰਥਾਤ ਉਹ ਮੁਸਲਮਾਨ ਹੈ। ਅਲੱਾਹ ਤਆਲਾ ਇਹਨਾ ਸਹਾਬਾ ਦੇ ਦਰਜੇ ਬੁਲੰਦ ਕਰੇ, ਜਿੰਨ੍ਹਾ ਨੇ ਸਾਨੂੰ ਕਈ ਅਜਿਹੀਆਂ ਗਲੱਾਂ ਪਹੁੰਚਾਈਆਂ ਜੋ ਸਾਡੇ ਲਈ ਆਤਮਕ ਗਿਆਨ ਤੋਂ ਬਿਨਾ ਕਰਮ ਰੂਪੀ ਜੀਵਨ ਬਤੀਤ ਕਰਨ ਲਈ ਵੀ ਜ਼ਰੂਰੀ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਮਰਹੂਮੀਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਅਤੇ ਉਹਨਾ ਦੀ ਨਮਾਜ਼ ਜਨਾਜ਼ਾਹ ਵੀ ਪੜ੍ਹਾਵਾਂਗਾ । ਜਿੰਨ੍ਹਾ ਵਿੱਚੋਂ ਪਹਿਲੇ ਹਨ ਸਈਦ ਸੂਕੀਆ ਸਾਹਬ ਸੀਰੀਯਾ ਦੇ 18 ਅਪ੍ਰੈਲ ਨੂੰ ਇਹਨਾ ਦੀ ਵਫ਼ਾਤ ਹੋਈ ਸੀ । (اناللہوانا الیہراجعون۔) ਮਰਹੂਮ ਸ਼ਾਮ (ਸੀਰੀਯਾ) ਦੀ ਜਮਾਤ ਦੇ ਅਤਿਅੰਤ ਨੇਕ ਤੇ ਅਰੰਭਕ ਮੈਂਬਰਾਂ ਵਿੱਚੋਂ ਸਨ । ਦੂਜਾ ਜਨਾਜ਼ਾਹ ਮੁਕਰੱਮ ਅਤੱਯੱਬੁਲ ਅਬੀਦ ਸਾਹਬ ਤਿਯੂਨਸ ਦਾ ਹੈ । 26 ਜੂਨ ਨੂੰ 70 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ । (اناللہوانا الیہراجعون۔) ਇਹ ਆਪਣੇ ਖੇਤਰ ਵਿੱਚ ਇਕੱਲੇ ਅਹਦੀ ਸਨ । ਅਤਿਅੰਤ ਨੇਕ, ਜਮਾਤ ਤੇ ਸਮੇਂ ਦੇ ਇਮਾਮ ਨਾਲ ਬਹੁਤ ਹੀ ਪਿਆਰ ਕਰਨ ਵਾਲੇ ਖ਼ਿਲਾਫ਼ਤ ਨਾਲ ਪ੍ਰੇਮ ਕਰਨ ਵਾਲੇ ਸਨ ।

ਤੀਜਾ ਜਨਾਜ਼ਾਹ ਮੁਕਰੱਮਾ ਅਮਤੁਸ਼ੱਕੂਰ ਸਾਹਿਬਾ ਦਾ ਹੈ ਜੋ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਦੀ ਸਭ ਤੋਂ ਵੱਡੀ ਬੇਟੀ ਸਨ । 3 ਸਤੰਬਰ ਨੂੰ 79 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । (اناللہوانا الیہراجعون۔)

ਅਲੱਾਹ ਤਆਲਾ ਇਹਨਾ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ ਅਤੇ ਇਹਨਾ ਦੇ ਬੱਚਿਆ ਤੇ ਅਗਲੀ ਨਸਲ ਨੂੰ ਵੀ ਖ਼ਿਲਾਫ਼ਤ ਅਤੇ ਜਮਾਤ ਨਾਲ ਹਮੇਸ਼ਾ ਵਫ਼ਾਦਾਰ ਬਣਾਈ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

## ★★★★ ਖ਼ੁਤਬਾ ਸਾਨੀਆ ★★★★

**Khulasa Khutba Jumma 06.09.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131